This question paper contains 2 printed pages]

**Roll No.** | | | | | | | | | | | |

S. No. of Question Paper : **5564**

Unique Paper Code : **212162** **C**

Name of the Paper : **Punjabi—Lower Qualifying**

Name of the Course : **B.A. (Hons.) other than Punjabi**

Semester : **I**

Duration : **3 Hours** Maximum Marks : **100**

*(Write your Roll No. on the top immediately on receipt of this question paper.)*

**ਨੋਟ :–ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

1. ਹੇਠ ਲਿਖੇ ਅੰਗ੍ਰੇਜ਼ੀ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ : 20

   Action , Academic, Drama, Creation, Concept, Faith, Feeling, Language, legend, Prefix, Poem Stage, Sentence, Folklore, Trible, Tradition, Theater, Tragedy, Tense, verb.

2. ਆਪਣੇ ਮੁਹੱਲੇ ਵਿੱਚ ਫੈਲੀ ਗੰਦਗੀ ਬਾਰੇ ਇਲਾਕੇ ਦੇ ਸਫਾਈ ਅਧਿਕਾਰੀ ਨੂੰ ਇਕ ਬਿਨੈ-ਪੱਤਰ ਰਾਹੀਂ ਇਸ ਬਾਰੇ ਜਾਣਕਾਰੀ ਦਿਉ ਅਤੇ ਯੋਗ ਉਪਾਅ ਲਈ ਬੇਨਤੀ ਕਰੋ । 10

3. ਆਪਣੇ ਇਲਾਕੇ ਵਿੱਚ ਕਿਸੇ ਦੁਕਾਨ ਦੀ ਨਿਲਾਮੀ ਬਾਰੇ ਨੋਟਿਸ ਤਿਆਰ ਕਰੋ ।

   **ਜਾਂ**

   ਕਿਸੇ ਅਖਬਾਰ ਦੇ ਸੰਪਾਦਕ ਨੂੰ ਮੇਲੇ ਵਿੱਚ ਹੋਈ ਦੁਰਘਟਨਾ ਬਾਰੇ ਪ੍ਰੈਸ ਨੋਟ ਲਿਖੋ । 10

4. ਸੂਚਨਾ ਟੇਕਨਾਲੋਜੀ ਨਾਲ ਜਾਣ-ਪਛਾਣ ਕਰਵਾਉ ਅਤੇ ਭਾਸ਼ਾ ਨਾਲ ਸੂਚਨਾ ਟੈਕਨਾਲੋਜੀ ਦੇ ਸੰਬੰਧ ਬਾਰੇ ਨੋਟ ਲਿਖੋ । 15

5. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ : 15

   ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ । 'ਘਰ' ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿੱਚ ਮਾਂ, ਭੈਣ ਤੇ ਭਰਾ, ਕੋਲੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ, ਲਿਤਾੜ

ਕੇ, ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿੱਥੇ ਬੁਢੇਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸ਼ੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਣ ਬਣਾਉਣ ਵਿੱਚ ਜਿਥੇ ਸਮਾਜਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ, ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿੱਚ ਹੈ।

6. ਕਥਾ-ਕਹਾਣੀ ਦੀ ਭੂਮਿਕਾ ਦੇ ਆਧਾਰ ਤੇ ਪੰਜਾਬੀ ਕਹਾਣੀ ਦੇ ਵਿਕਾਸ ਬਾਰੇ ਨੋਟ ਲਿਖੋ। 10

7. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇਕ ਕਹਾਣੀ ਦੀ ਆਲੋਚਨਾ ਕਰੋ : 20

(ੳ) ਭਾਬੀ ਮੈਨਾ

(ਅ) ਸਾਂਝ

(ੲ) ਨਹੀਂ, ਸਾਨੂੰ ਕੋਈ ਤਕਲੀਫ਼ ਨਹੀਂ।